## ਭਗਤ ਰਵਿਦਾਸ - ਸਬਦ ੩

### ਬੇਗਮ ਪੁਰਾ ਸਹਰ ਕੋ ਨਾਉ ॥

ਰਾਗੁ ਗਉੜੀ ਗੁਆਰੇਰੀ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੩੪੫

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥

ਸਾਰ: ਪਰਉਪਕਾਰ ਸਮੁੱਚੀ ਮਨੁੱਖਤਾ ਪ੍ਰਤੀ ਸਾਡੀ ਸੂਝ ਨੂੰ ਵਧਾਉਂਦਾ ਹੈ। ਸ੍ਰਿਸ਼ਟੀ ਦਾ ਹਰੇਕ ਤੱਤ, ਸਭ ਤੋਂ ਛੋਟੇ ਜੀਵ ਤੋਂ ਲੈ ਕੇ ਸਭ ਤੋਂ ਸ਼ਾਨਦਾਰ ਦ੍ਰਿਸ਼ਾਂ ਤੱਕ, ਉਸ ਵਿਸ਼ਵਵਿਆਪੀ ਊਰਜਾ ਦਾ ਪ੍ਰਤੀਕ ਹੈ ਜੋ ਸਾਨੂੰ ਸਾਰਿਆਂ ਨੂੰ ਜੋੜਦੀ ਹੈ। ਦੂਜਿਆਂ ਵੱਲ ਮਦਦ ਦਾ ਹੱਥ ਵਧਾ ਕੇ, ਅਸੀਂ ਨਾ ਸਿਰਫ਼ ਉਨ੍ਹਾਂ ਦੇ ਹਾਲਾਤਾਂ ਨੂੰ ਉੱਚਾ ਚੁੱਕਦੇ ਹਾਂ, ਸਗੋਂ ਆਪਣੀ ਭਲਾਈ ਅਤੇ ਪੂਰਤੀ ਦੀ ਭਾਵਨਾ ਨੂੰ ਵੀ ਪੁਰਜੋਸ਼ੀ ਨਾਲ ਸਿਰਜਤ ਕਰਦੇ ਹਾਂ। ਇਹ ਪਰਸਪਰ ਪ੍ਰਭਾਵ ਇਕ ਗੂੜ੍ਹ ਸੱਚਾਈ ਨੂੰ ਪ੍ਰਗਟ ਕਰਦਾ ਹੈ ਕਿ ਇਕ ਦੂਜੇ ਦਾ ਸਮਰਥਨ ਅਤੇ ਭਲਾ ਕਰਨ ਦੇ ਸਾਡੇ ਉਦਮ, ਸ਼ਾਂਤੀ ਅਤੇ ਖੁਸ਼ਹਾਲ ਭਾਈਚਾਰੇ ਨੂੰ ਉਤਸ਼ਾਹਿਤ ਕਰਦੇ ਹਨ, ਦਇਆ

ਅਤੇ ਅੰਤਰਸੰਬੰਧਿਤਾ ਦਾ ਇਕ ਅਜਿਹਾ ਚੱਕਰ ਸਿਰਜਤ ਕਰਦੇ ਹਨ ਜੋ ਸਾਨੂੰ ਸਾਰਿਆਂ ਨੂੰ ਲਾਭ ਪਹੁੰਚਾਉਂਦਾ ਹੈ।

ਬੇਗਮ ਪੁਰਾ ਸਹਰ ਕੋ ਨਾਉ ॥

ਬੇਗਮਪੁਰਾ ਇਕ ਸ਼ਹਿਰ ਦਾ ਨਾਮ ਹੈ; ਦ੍ਰਿਸ਼ਟਾਂਤਿਕ ਤੌਰ 'ਤੇ ਇਹ ਸ਼ਹਿਰ ਮਨ ਦੀ ਸ਼ਾਂਤ ਅਵਸਥਾ ਨੂੰ ਦਰਸਾਉਂਦਾ ਹੈ।

ਦੂਖੁ ਅੰਦੋਹੁ ਨਹੀ ਤਿਹਿ ਠਾਉ ॥

ਇਸ ਸ਼ਹਿਰ ਵਿਚ, ਪੀੜਾ ਜਾਂ ਚਿੰਤਾ ਲਈ ਕੋਈ ਥਾਂ ਨਹੀਂ ਹੈ। ਇਹ ਭਾਵ ਸ਼ਾਂਤ ਮਨ ਨੂੰ ਦਰਸਾਉਂਦਾ ਹੈ ਜਿਸਨੇ ਕੁਦਰਤ ਦੇ ਹੁਕਮ ਨੂੰ ਸਵਿਕਾਰ ਕਰ ਲਿਆ ਹੈ।

ਨਾਂ ਤਸਵੀਸ ਖਿਰਾਜੁ ਨ ਮਾਲੁ ॥

ਇਸ ਸ਼ਹਿਰ ਵਿਚ ਵਸਤੂਆਂ 'ਤੇ ਕਰ ਨਹੀਂ ਲਗਦਾ; ਇਹ ਐਲਾਨ ਵਿਚਾਰਾਂ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥

ਇਹ ਸ਼ਹਿਰ ਅਸਫ਼ਲਤਾ ਦੇ ਡਰ ਤੋਂ ਮੁਕਤ ਹੈ ਅਤੇ ਇਥੇ ਚਰਿੱਤਰ ਦਾ ਪਤਨ ਪ੍ਰਤੀ ਕੋਈ ਹਮਦਰਦੀ ਨਹੀਂ ਦਿਖਾਉਂਦਾ; ਇਹ ਗੁਣ ਇਕ ਅਜਿਹੇ ਮਨ ਨੂੰ ਦਰਸਾਉਂਦੇ ਹਨ ਜੋ ਨਕਾਰਾਤਮਕਤਾ ਨੂੰ ਛੱਡ ਦਿੰਦਾ ਹੈ ਅਤੇ ਸਕਾਰਾਤਮਕਤਾ ਨੂੰ ਧਾਰਨ ਕਰਦਾ ਹੈ। (੧)

ਅਬ ਮੋਹਿ ਖੂਬ ਵਤਨ ਗਹ ਪਾਈ ॥

ਮੈਨੂੰ ਮੇਰੇ ਵਤਨ ਵਿਚ ਇਹ ਸ਼ਾਨਦਾਰ ਸ਼ਹਿਰ ਨਸੀਬ ਹੋਇਆ ਹੈ; ਇਹ ਭਾਵ ਸਵੈ-ਚਿੰਤਨ ਦੁਆਰਾ ਪ੍ਰਾਪਤ ਕੀਤੇ ਬਿਬੇਕ ਦਾ ਪ੍ਰਤੀਕ ਹੈ।

ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥

ਇਸ ਸ਼ਹਿਰ ਵਿਚ, ਸਦੀਵੀ ਭਲਾ ਹੈ; ਇਹ ਭਾਵ ਪਰਉਪਕਾਰ ਨੂੰ ਅਪਣਾਉਣ ਦੇ ਗੁਣ ਨੂੰ ਦਰਸਾਉਂਦਾ ਹੈ। (੧)(ਠਹਿਰਾਉ)

ਕਾਇਮੁ ਦਾਇਮੁ ਸਦਾ ਪਾਤਿਸਾਹੀ ॥

ਸਥਿਰ ਅਤੇ ਸਹਿਜਤਾ ਭਰਪੂਰ, ਇਹ ਸ਼ਹਿਰ ਪ੍ਰਭੂਸੱਤਾ ਸੰਪੰਨ ਹੈ; ਇਹ ਭਾਵ ਸੰਪੂਰਨ ਸਹਿਜ ਵਿਚ ਜੁੜੇ ਮਨ ਦਾ ਪ੍ਰਤੀਕ ਹੈ।

ਦੋਮ ਨ ਸੇਮ ਏਕ ਸੋ ਆਹੀ ॥

ਇਸ ਸ਼ਹਿਰ ਵਿਚ, ਸਮਾਜਿਕ ਰੁਤਬੇ ਦੀ ਕੋਈ ਦਰਜ਼ਾਬੰਦੀ ਨਹੀਂ ਹੈ; ਹਰੇਕ ਨੂੰ ਬਰਾਬਰਤਾ ਦਾ ਸਨਮਾਨ ਮਿਲਦਾ ਹੈ, ਇਹ ਭਾਵ ਸਮਾਨਤਾਵਾਦ ਨੂੰ ਉਤਸ਼ਾਹਿਤ ਕਰਨ ਵਾਲੀ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਆਬਾਦਾਨੁ ਸਦਾ ਮਸਹੂਰ ॥

ਇਹ ਸ਼ਹਿਰ ਹਮੇਸ਼ਾ ਵਧਦਾ-ਫੁੱਲਦਾ ਹੈ; ਇਸ ਲਈ, ਇਹ ਪ੍ਰਸਿੱਧ ਹੈ, ਜੋ ਇਸ ਵਿਚਾਰ ਦਾ ਪ੍ਰਤੀਕ ਹੈ ਕਿ ਜਦੋਂ ਸਕਾਰਾਤਮਕ ਵਿਚਾਰ ਵਧਦੇ-ਫੁੱਲਦੇ ਹਨ, ਤਾਂ ਭਰਪੂਰਤਾ ਅਤੇ ਸੰਤੋਖ ਲਿਆਉਂਦੇ ਹਨ।

ਊਹਾਂ ਗਨੀ ਬਸਹਿ ਮਾਮੂਰ ॥੨॥

ਇਸ ਸ਼ਹਿਰ ਦੇ ਵਾਸੀ ਦੌਲਤ ਅਤੇ ਖੁਸ਼ਹਾਲੀ ਦਾ ਪ੍ਰਗਟਾਵਾ ਕਰਦੇ ਹਨ; ਇਹ ਇਕ ਅਜਿਹੇ ਮਨ ਨੂੰ ਦਰਸਾਉਂਦਾ ਹੈ ਜਿਸ ਕੋਲ ਰੂਹਾਨੀ ਗਿਆਨ ਦਾ ਭੰਡਾਰ ਹੈ ਅਤੇ ਉਹ ਇਸਦਾ ਅਭਿਆਸ ਵੀ ਕਰਦਾ ਹੈ। (੨)

ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥

ਇਸ ਸ਼ਹਿਰ ਦੇ ਵਸਨੀਕ ਆਪਣੀ ਮਰਜ਼ੀ ਅਨੁਸਾਰ ਖੁੱਲ੍ਹ ਕੇ ਵਿਚਰਦੇ ਹਨ, ਜੋ ਕਿ ਵਿਚਾਰਾਂ ਦੀ ਖੁੱਲ੍ਹਦਿਲੀ, ਸ਼ੰਕਿਆਂ ਜਾਂ ਨਿਰਣੇ ਤੋਂ ਮੁਕਤ ਅਵਸਥਾ ਨੂੰ ਦਰਸਾਉਂਦਾ ਹੈ।

ਮਹਰਮ ਮਹਲ ਨ ਕੋ ਅਟਕਾਵੈ ॥
ਇਹ ਸ਼ਹਿਰ ਇਕ ਅਜਿਹੇ ਭਾਈਚਾਰੇ ਦਾ ਘਰ ਹੈ ਜਿੱਥੇ ਹਰ ਕੋਈ ਇਕ ਦੂਜੇ ਨੂੰ ਜਾਣਦਾ ਹੈ, ਰੁਕਾਵਟਾਂ ਤੋਂ ਮੁਕਤ ਵਾਤਾਵਰਣ ਨੂੰ ਉਤਸ਼ਾਹਿਤ ਕਰਦਾ ਹੈ। ਇਹ ਸ੍ਰਿਸ਼ਟੀ ਦੇ ਆਪਸੀ ਸੰਬੰਧਾਂ ਨੂੰ ਸਮਝਣ ਬਾਰੇ ਦਰਸਾਉਂਦਾ ਹੈ, ਜਿੱਥੇ ਦਵੈਤ ਗਿਆਨ ਵਿਚ ਰੁਕਾਵਟ ਨਹੀਂ ਪਾਉਂਦਾ।

ਕਹਿ ਰਵਿਦਾਸ ਖਲਾਸ ਚਮਾਰਾ ॥
ਚਮੜੇ ਦੀ ਕਿਰਤ ਕਰਨ ਵਾਲੇ ਰਵਿਦਾਸ ਕਹਿੰਦੇ ਹਨ ਕਿ ਉਨ੍ਹਾਂ ਨੂੰ ਨਿਰਮਲਤਾ ਦੀ ਪ੍ਰਾਪਤੀ ਹੋਈ ਹੈ; ਇਸਦਾ ਭਾਵ ਹੈ ਕਿ ਜਦੋਂ ਏਕਤਾ ਦੀ ਸੋਝੀ ਹੁੰਦੀ ਹੈ, ਤਾਂ ਇਹ ਜਾਗਰੂਕਤਾ ਦੀ ਮੁੱਢਲੀ ਅਵਸਥਾ ਹੁੰਦੀ ਹੈ।

ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥
ਜਿਹੜਾ ਕੋਈ ਵੀ ਇਸ ਸ਼ਹਿਰ ਦਾ ਵਾਸੀ ਹੈ, ਉਹ ਮੇਰਾ ਮਿੱਤਰ ਹੈ, ਜੋ ਕਿ ਅਨੇਕਤਾ ਵਿਚ ਏਕਤਾ ਨੂੰ ਅਪਣਾਉਣ ਦੇ ਇਰਾਦੇ ਦਾ ਪ੍ਰਤੀਕ ਹੈ। (੩)(੨)

ਤੱਤ: ਭਗਤ ਰਵਿਦਾਸ ਨੇ ਬੇਗਮਪੁਰਾ ਦੀ ਇਕ ਰੁਪਾਂਤ੍ਰਣਸ਼ੀਲ ਸਮਾਜ ਵਜੋਂ ਕਲਪਨਾ ਕੀਤੀ ਜਿੱਥੇ ਦੁੱਖ ਲਈ ਕੋਈ ਥਾਂ ਨਹੀਂ ਹੈ, ਇਸ ਸਮਾਜ ਵਿਚ ਸਦਭਾਵਨਾ, ਸਮਾਨਤਾ ਅਤੇ ਮਨੁੱਖਤਾ ਦਾ ਪਸਾਰ ਹੁੰਦਾ ਹੈ। ਇਹ ਸੰਕਲਪ ਸ਼ਾਂਤਮਈ ਜੀਵਨ ਨੂੰ ਦਰਸਾਉਂਦਾ ਹੈ, ਜਿਥੇ ਮਨ ਦੁੱਖ, ਡਰ, ਭੇਦਭਾਵ, ਚਿੰਤਾ ਅਤੇ ਬੇਇੱਜ਼ਤੀ ਦੀ ਧਾਰਨਾ ਤੋਂ ਮੁਕਤ ਹੁੰਦਾ ਹੈ। ਉਹ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਸਮੁਚੀ ਸ੍ਰਿਸ਼ਟੀ ਦੇ ਗੂੜ੍ਹ ਆਪਸੀ ਸੰਬੰਧ ਨੂੰ ਸਮਝ ਕੇ, ਉਨ੍ਹਾਂ ਨੇ ਸਪੱਸ਼ਟਤਾ ਦੀ ਪ੍ਰਾਪਤੀ ਕੀਤੀ ਹੈ। ਜੋ ਲੋਕ ਵੰਨ-ਸੁਵੰਨਤਾ ਵਿਚ ਏਕਤਾ ਦੀ ਕਦਰ ਕਰਦੇ ਹਨ ਅਤੇ ਇਸ ਦਾ ਆਨੰਦ ਮਾਨਦੇ ਹਨ, ਉਹ ਇਸਦੇ ਵਫ਼ਾਦਾਰ ਸਾਥੀ ਵਜੋਂ ਨਾਲ ਖੜ੍ਹਦੇ ਹਨ, ਇਸ ਦਾ ਭਾਵ ਹੈ ਕਿ ਕਿਸੇ ਵੀ ਤਰ੍ਹਾਂ ਦਾ ਦਵੈਤ ਜਾਗਰੂਕਤਾ ਦੀ ਯਾਤਰਾ ਵਿਚ ਰੁਕਾਵਟ ਨਹੀਂ ਬਣ ਸਕਦਾ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**